| | | |
|---|---|---|
| | **ਨਵੀਂ ਪੈਨਸ਼ਨ ਸਕੀਮ** | |
| 7.1 | ਨਵੀ ਪੈਨਸ਼ਨ ਸਕੀਮ ਦੇ ਕਰਮਚਾਰੀ ਦੀ ਮੌਤ ਹੋਣ ਉਪਰੰਤ ਉਸ ਦੇ ਪ੍ਰੀਵਾਰ ਨੂੰ ਮਿਲਣ ਵਾਲੀ ਰਾਸੀ ਕਿਵੇ ਪ੍ਰਾਪਤ ਕੀਤੀ ਜਾ ਸਕਦੀ ਹੈ। ਕੀ ਇਸ ਕੇਸ ਵਿਚ ਐਕਸ ਗਰੇਸੀਆ ਗਰਾਂਟ ਮਿਲਣ ਯੋਗ ਹੋਵੇਗੀ ? | ਮਿਤ੍ਰਕ ਕਰਮਚਾਰੀ ਦੇ ਪ੍ਰੀਵਾਰ ਦੇ ਮੈਂਬਰ ਜਿਸ ਦੇ ਨਾਂ ਤੇ ਨੋਮੀਨੇਸ਼ਨ ਭਰੀ ਹੋਈ ਹੈ ਵਲੋਂ Exit form ਭਰਿਆ ਜਾਵੇਗਾ ਅਤੇ ਇਹ ਫਾਰਮ ਦਫਤਰ ਵਲੋ ਡਿਪਟੀ ਡਾਇਰੈਕਟਰ, ਨਵੀ ਪੈਨਸ਼ਨ ਸਕੀਮ ਵਣ ਭਵਨ ਅਜੀਤਗੜ ਵਿਖੇ ਭੇਜਿਆ ਜਾਵੇਗਾ ।ਇਸ ਕੇਸ ਵਿਚ ਐਕਸ ਗਰੇਸੀਆ ਗਰਾਂਟ ਮਿਲਣ ਯੋਗ ਨਹੀ ਹੋਵੇਗੀ । |
| 7.2 | ਦਿਹਾੜੀਦਾਰ ਅਤੇ ਵਰਕਚਾਰਜ ਕਾਮਿਆਂ ਦੀਆਂ ਸੇਵਾਵਾਂ ਰੈਗੂਲਰ ਕਰਨ ਤੋਂ ਬਾਅਦ ਪਹਿਲਾਂ ਕੀਤੀ ਦਿਹਾੜੀਦਾਰ / ਵਰਕਚਾਰਜ ਸੇਵਾ ਪੈਨਸ਼ਨ ਲਈ ਗਿਣੀ ਜਾਵੇਗੀ । | ਇਸ ਸਬੰਧੀ ਪੰਜਾਬ ਸਰਕਾਰ ਨੇ **ਨੰ: 3/14/2011-3ਵਿਪਪਤ/154, ਮਿਤੀ: 23.02.2012 ਰਾਹੀਂ ਅਗਵਾਈ ਲੀਹਾਂ ਜਾਰੀ ਕੀਤੀਆਂ ਹਨ ਜਿਸ ਅਨੁਸਾਰ ਜਿਹੜੇ ਕਰਮਚਾਰੀਆਂ ਦੀਆਂ ਸੇਵਾਵਾਂ ਮਿਤੀ 1.1.2004 ਤੋਂ ਪਹਿਲਾਂ ਦੀ ਮਿਤੀ ਤੋਂ ਰੈਗੂਲਰ ਕੀਤੀਆਂ ਗਈਆਂ ਹਨ ਉਨਾਂ ਕੇਸਾਂ ਵਿਚ ਦਿਹਾੜੀਦਾਰ / ਵਰਕਚਾਰਜ ਸੇਵਾ ਗਿਣੀ ਜਾਵੇਗੀ। ਜਿਨ੍ਹਾਂ ਕੇਸਾਂ ਵਿਚ ਸੇਵਾਵਾਂ ਮਿਤੀ 1.1.2004 ਤੋਂ ਬਾਅਦ ਦੀ ਮਿਤੀ ਤੋਂ ਰੈਗੂਲਰ ਕੀਤੀਆਂ ਹਨ ਉਨਾਂ ਕੇਸਾਂ ਵਿਚ ਨਵੀ ਪੈਨਸ਼ਨ ਸਕੀਮ ਲਾਗੂ ਹੋਵੇਗੀ ਅਤੇ ਪਿਛਲੀ ਸੇਵਾ ਪੈਨਸ਼ਨ ਲਈ ਨਹੀਂ ਗਿਣੀ ਜਾਵੇਗੀ ।** |
| 7.3 | ਮਿਤੀ 1.1.2004 ਤੋਂ ਬਾਅਦ ਭਰਤੀ ਹੋਣ ਵਾਲੇ ਕਰਮਚਾਰੀਆਂ ਦੇ ਕੇਸਾਂ ਵਿਚ ਬਹੁਤ ਸਾਰੇ ਵਿਭਾਗਾਂ ਵਲੋਂ ਜੀ.ਪੀ.ਫੰਡ ਦੀ ਕਟੌਤੀ ਸੁਰੂ ਕਰ ਦਿੱਤੀ ਸੀ ਜਦ ਕਿ ਨਵੀ ਪੈਨਸ਼ਨ ਸਕੀਮ ਤਹਿਤ ਕਰਮਚਾਰੀ ਦੀ ਜੀ.ਪੀ.ਫੰਡ ਦੀ ਕਟੌਤੀ ਨਹੀਂ ਕੀਤੀ ਜਾਣੀ ਸੀ।ਅਜਿਹੇ ਕੇਸਾਂ ਵਿਚ ਕੀਤੀ ਜਾਣ ਵਾਲੀ ਕਾਰਵਾਈ ਤੋਂ ਜਾਣੂੰ ਕਰਵਾਇਆ ਜਾਵੇ । | ਪੰਜਾਬ ਸਰਕਾਰ ਵਲੋਂ ਪੱਤਰ ਨੰਬਰ **3/72/2003-3ਵਿਪਪਤ/5913 ਮਿਤੀ: 10.09.2007 ਰਾਹੀਂ ਜਾਰੀ ਸਪੱਸ਼ਟੀਕਰਨ ਅਨੁਸਾਰ ਇਨਾਂ ਕੇਸਾਂ ਵਿਚ ਜੀ.ਪੀ.ਫੰਡ ਦੀ ਕਟੌਤੀ ਸਮੇਤ ਵਿਆਜ ਵਾਪਸ ਕਰ ਦਿੱਤੀ ਜਾਵੇ ।** |
| 7.4 | ਪੰਜਾਬ ਸਰਕਾਰ ਦੇ ਕਰਮਚਾਰੀ ਇੱਕ ਵਿਭਾਗ ਵਿਚ ਨੌਕਰੀ ਕਰਦੇ ਸਮੇਂ ਮਿਤੀ 1.1.2004 ਤੋਂ ਬਾਅਦ ਯੋਗ ਪ੍ਰਣਾਲੀ ਰਾਹੀਂ ਅਪਲਾਈ ਕਰਨ ਉਪਰੰਤ ਪਿਛਲੇ ਵਿਭਾਗ ਵਿਚੋ ਅਸਤੀਫਾ ਦੇ ਕੇ ਪੰਜਾਬ ਸਰਕਾਰ ਦੀ ਨਵੀ ਅਸਾਮੀ ਤੇ ਨੌਕਰੀ ਪ੍ਰਾਪਤ ਕਰ ਲੈਂਦੇ ਹਨ ਉਨਾਂ ਤੇ ਪੁਰਾਨੀ ਪੈਨਸ਼ਨ ਸਕੀਮ ਲਾਗੂ ਹੋਵੇਗੀ ਜਾਂ ਫਿਰ ਨਵੀ ਪੈਨਸ਼ਨ ਸਕੀਮ । | **ਪੰਜਾਬ ਸਰਕਾਰ ਦੇ ਪੱਤਰ ਨੰਬਰ 6/10/2008-6ਵਿਪਪਤ/723 ਮਿਤੀ: 24.10.2008 ਰਾਹੀਂ ਜਾਰੀ ਅਗਵਾਈ ਲੀਹਾਂ ਅਨੁਸਾਰ ਜੇਕਰ ਕੋਈ ਕਰਮਚਾਰੀ ਪੰਜਾਬ ਸਰਕਾਰ ਵਿਚ ਕਿਸੇ ਵਿਭਾਗ ਵਿਚ ਪੁਰਾਨੀ ਪੈਨਸ਼ਨ ਸਕੀਮ ਅਧੀਨ ਕੰਮ ਕਰਦੇ ਹੋਏ ਤਕਨੀਕੀ ਅਸਤੀਫਾ ਦੇ ਕੇ ਪੰਜਾਬ ਸਰਕਾਰ ਦੇ ਕਿਸੇ ਹੋਰ ਵਿਭਾਗ ਵਿਚ 1.1.2004 ਤੋਂ ਬਾਅਦ ਚਲਾ ਜਾਂਦਾ ਹੈ ਤਾਂ ਉਸ ਤੇ ਪੁਰਾਨੀ ਪੈਨਸ਼ਨ ਸਕੀਮ ਹੀ ਲਾਗੂ ਰਹੇਗੀ ।** |
| 7.5 | ਕੇਂਦਰ ਸਰਕਾਰ ਜਾਂ ਕਿਸੇ ਹੋਰ ਰਾਜ ਵਿਚ ਪੁਰਾਨੀ ਸਕੀਮ ਵਿਚ ਕੰਮ ਕਰਦਾ ਹੋਇਆ ਕਰਮਚਾਰੀ ਤਕਨੀਕੀ ਅਸਤੀਫਾ ਦੇ ਕੇ ਪੰਜਾਬ ਸਰਕਾਰ ਵਿਚ ਮਿਤੀ 1.1.2004 ਤੋਂ ਬਾਅਦ ਭਰਤੀ ਹੋਣ ਤੇ ਨਵੀਂ ਪੈਨਸ਼ਨ ਸਕੀਮ ਲਾਗੂ ਰਹੇਗੀ ਜਾਂ ਪੁਰਾਨੀ | **ਪੰਜਾਬ ਸਰਕਾਰ ਦੇ ਪੱਤਰ ਨੰ: 6/10/2008-6ਵਿਪਪਤ/970, ਮਿਤੀ: 17.08.2010 ਅਨੁਸਾਰ ਇਨ੍ਹਾਂ ਕੇਸਾਂ ਵਿਚ ਵੀ ਪੁਰਾਨੀ ਪੈਨਸ਼ਨ ਸਕੀਮ ਲਾਗੂ ਰਹੇਗੀ ਬਸਰਤੇ ਸਬੰਧਤ ਸਰਕਾਰ ਪੈਨਸ਼ਨ ਦੀ ਲਾਇਬਲਟੀ ਦੇਣ ਲਈ ਤਿਆਰ ਹੋਵੇ।** |
| 7.6 | ਨਵੀ ਪੈਨਸ਼ਨ ਸਕੀਮ ਵਿਚ ਭਰਤੀ ਕਰਮਚਾਰੀ ਦੀ ਮੌਤ ਉਪਰੰਤ ਉਸ ਦੇ ਪ੍ਰੀਵਾਰ ਨੂੰ ਪੁਰਾਨੀ ਸਕੀਮ ਦੇ ਮੁਕਾਬਲੇ ਨਵੇ ਲਾਭ ਕਿਹੜੇ ਕਿਹੜੇ ਮਿਲਣ ਯੋਗ ਹਨ ਅਤੇ ਕਿਹੜੇ ਨਾਂ ਮਿਲਣ ਯੋਗ ਹਨ । | **ਮਿਤੀ 1.1.2004 ਤੋਂ ਬਾਅਦ ਭਰਤੀ ਹੋਏ ਕਰਮਚਾਰੀ ਦੀ ਮੌਤ ਉਪਰੰਤ ਉਸ ਦੇ ਵਲੋਂ ਨੋਮੀਨੇਟ ਕੀਤੇ ਗਏ ਪ੍ਰੀਵਾਰ ਦੇ ਮੈਂਬਰ ਨੂੰ ਤਨਖਾਹ ਵਿਚੋਂ ਕੀਤੀ ਗਈ 10 % ਕਟੌਤੀ ਅਤੇ ਸਰਕਾਰ ਵਲੋਂ ਪਾਏ ਯੋਗਦਾਨ ਸਮੇਤ ਜੇਕਰ ਉਹ ਅਗੋਂ ਨਿਵੇਸ਼ ਨਹੀਂ ਕੀਤੇ ਗਏ ਉਹ ਰਕਮ ਵਿਆਜ ਸਮੇਤ ਉਸ ਦੇ ਪ੍ਰੀਵਾਰ ਨੂੰ ਦੇਣ ਯੋਗ ਹਨ। ਐਕਸਗਰੇਸੀਆ, ਪ੍ਰੀਵਾਰਕ ਪੈਨਸ਼ਨ ਜਾਂ ਗਰੈਚੁਟੀ ਦੇਣ ਯੋਗ ਨਹੀਂ । ਪੱਤਰ ਨੰਬਰ** 2/482007/6 ਵਿਪਪਤ/761 ਮਿਤੀ 26.6.2011 |
| | | |